# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:), ਅੰਮ੍ਰਿਤਸਰ

**ਈ-ਮੇਲ:- deoseamritsar@gmail.com ਫੋਨ ਨੰਬਰ: 0183-2225896**
**Website:- deoseasr.org**

ਵੱਲ,

ਸਮੂਹ ਸਕੂਲ ਮੁੱਖੀ/
ਸਰਕਾਰੀ ਏਡਿਡ/ਪ੍ਰਾਈਵੇਟ/ਮਾਨਤਾ ਪ੍ਰਾਪਤ ਸਕੂਲ
ਜਿਲ੍ਹਾ ਅੰਮ੍ਰਿਤਸਰ।

ਪੱਤਰਨੰ: ਜੀ-3/2019/ 734 ਮਿਤੀ:- 30/4/19

ਵਿਸ਼ਾ:- ਸਵੀਪ ਗਤੀਵਿਧੀਆਂ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਜੀ ਦੀਆਂ ਹਦਾਇਤਾਂ ਅਨੁਸਾਰ ਸਵੀਪ ਗਤੀਵਿਧੀਆਂ ਤਹਿਤ ਸਮੂਹ ਸਕੂਲਾਂ ਨੇ **"ਇਲੈਕਟੋਰਲ ਲਿਟਰੈਸੀ ਕਲੱਬ (Future Voters)"** ਦੇ ਦੋ ਬੈਨਰ ਬਣਵਾ ਕੇ ਇਨਾਂ ਬੈਨਰਾਂ ਹੇਠ ਮੁਕਾਬਲੇ ਕਰਵਾਏ ਜਾਣ ਅਤੇ ਉਸ ਦੀ **ਰਿਪੋਰਟ (ਪੇਟਿੰਗ, ਸਲੋਗਨ ਆਦਿ ਚਾਰਟ ਸਮੇਤ)** ਉਸੇ ਦਿਨ ਹੀ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਦੀ ਜਨਰਲ ਬਰਾਂਚ ਵਿਖੇ ਪੁੱਜਦੀ ਕੀਤੀ ਜਾਵੇ। ਕਰਵਾਏ ਗਏ ਮੁਕਾਬਲਿਆਂ ਦੀਆ ਫੋਟੋਆ ਖਿਚ ਕੇ deoseasrelection@gmail.com ਅਤੇ **ਸਵੀਪ ਨੋਡਲ ਅਫਸਰ ਸ੍ਰੀ ਜਤਿੰਦਰਪਾਲ ਸਿੰਘ ਸਿੱਧੂ ਜੀ ਦੇ ਵਟਸਐਪ ਨੰ: 95010-21173 ਅਤੇ ਸ੍ਰੀ ਰਜਿੰਦਰ ਸਿੰਘ ਮੋਬਾਇਲ ਨੰ: 84272-32800** ਤੇ ਉਸੇ ਦਿਨ ਹੀ ਅੱਪਲੋਡ ਕਰ ਦਿੱਤੀਆ ਜਾਣ। ਇਸ ਦੇ ਨਾਲ ਹੀ ਜਿਨਾਂ ਸਕੂਲਾਂ ਦੇ ਫੇਸਬੁੱਕ ਪੇਜ ਜਾਂ ਯੂਟਿਉਬ ਚੈਨਲ ਚੱਲ ਰਹੇ ਹਨ, ਉਸ ਤੇ ਵੀ ਇਹ ਗਤੀਵਿਧੀਆਂ ਦੀ ਕਾਰਵਾਈ ਅਪਲੋਡ ਕੀਤੀ ਜਾਵੇ ਅਤੇ ਉਸ ਦੀ ਸਨੈਪਸ਼ੋਟ ਈ-ਮੇਲ ਵੀ ਕੀਤੀ ਜਾਵੇ।

1. ਸਲੋਗਨ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ।
2. ਕਵਿਤਾਵਾਂ ਅਤੇ ਗੀਤ ਲਿਖਣ ਮੁਕਾਬਲੇ।
3. ਸੰਕਲਪ ਪੱਤਰ ਦਾ ਨਮੂਨਾ ਵਿਦਿਆਰਥੀਆਂ ਦੇ ਮਾਤਾ ਪਿਤਾ ਤੋਂ ਹਸਤਾਖਰ ਕਰਵਾਉਣ ਉਪਰੰਤ ਇਸ ਦਫਤਰ ਵਿਖੇ ਪੁੱਜਦਾ ਕੀਤਾ ਜਾਵੇ।(ਨੱਥੀ ਹੈ) ਸੰਕਲਪ ਪੱਤਰ ਦਾ ਨਮੂਨਾਂ ਬਲੈਕ ਬੋਰਡ ਤੇ ਉਤਾਰ ਕੇ ਉਸਨੂੰ ਬੱਚਿਆ ਕੋਲੋ ਸਾਫ-ਸਾਫ ਲਿਖਵਾ ਲਿਆ ਜਾਵੇ ਅਤੇ ਉਸਨੂੰ ਬੱਚਿਆਂ ਕੋਲੋ ਹੀ ਡੈਕੋਰੇਟ ਕਰਵਾ ਲਿਆ ਜਾਵੇ। ਇਹ ਸੰਕਲਪ ਪੱਤਰ ਇਸ ਦਫਤਰ ਵਿਖੇ ਮਿਤੀ 6/5/2019 ਤੱਕ ਜਮ੍ਹਾਂ ਕਰਵਾਏ ਜਾਣ।

ਨੋਟ:-

1. ਸਾਰੀਆ ਗਤੀਵਿਧੀਆਂ ਬੈਨਰ **"ਇਲੈਕਟੋਰਲ ਲਿਟਰੈਸੀ ਕਲੱਬ (Future Voters)"** ਹੇਠ ਕਰਵਾਈਆਂ ਜਾਣ ਅਤੇ ਕਰਵਾਈਆ ਗਈਆ ਗਤੀਵਿਧੀਆਂ ਦੀਆ ਖਬਰਾਂ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਈਆ ਜਾਣ
2. ਸਮੂਹ ਗਤੀਵਿਧੀਆਂ ਦੀ ਰਿਪੋਰਟ, ਪੋਸਟਰ, ਬੈਨਰ ਅਤੇ ਸਕੰਲਪ ਪੱਤਰ ਇਸ ਦਫਤਰ ਨੂੰ ਪੁੱਜਦਾ ਕੀਤਾ ਜਾਵੇ।
3. ਸਮੂਹ ਗਤੀਵਿਧੀਆਂ ਦੀਆਂ ਫੋਟੋਆਂ ਨੂੰ ਈ-ਮੇਲ (deoseasrelection@gmail.com) ਤੇ ਭੇਜਣਾ ਯਕੀਨੀ ਬਣਾਇਆ ਜਾਵੇ।
4. ਸਕੂਲ ਦੀ ਬਾਹਰਲੀ ਦੀਵਾਰ ਤੇ ਵੋਟਰ ਅਵੇਅਰਨੈਸ ਸਬੰਧੀ ਸਲੋਗਨ ਪੇਂਟ ਕਰਵਾਏ ਜਾਣ।
5. **ਇਹ ਸਾਰੀਆ ਗਤੀਵਿਧੀਆਂ ਮਿਤੀ 6/5/2019 ਤੱਕ ਮੁਕੰਮਲ ਕਰਨੀਆਂ ਯਕੀਨੀ ਬਣਾਈਆ ਜਾਣ।**

ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਅੰਮ੍ਰਿਤਸਰ

ਪਿੱਠ ਅੰਕਣ ਨੰ: ਉਕਤ:- ਮਿਤੀ:- 30/4/19

ਉਤਾਰਾ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਅੰਮ੍ਰਿਤਸਰ

Scanned by CamScanner

**ਕੋਈ ਵੀ ਯੋਗ ਵੋਟਰ ਵੋਟ ਪਾਉਣ ਤੋਂ ਵਾਂਝਾ ਨਾ ਰਹਿ ਜਾਵੇ**

# ਸੰਕਪਲ-ਪੱਤਰ

**(ਵਿਦਿਆਰਥੀਆਂ ਵੱਲੋਂ (ਜਿੰਨਾਂ ਦੀ ਵੋਟ ਨਹੀਂ ਬਣੀ ਹੋਈ) ਮਾਤਾ/ਪਿਤਾ ਲਈ)**

---

ਵਿਦਿਆਰਥੀ ਦਾ ਨਾਮ.............................................

ਸ੍ਰੇਣੀ.............................................ਸਕੂਲ/ਕਾਲਜ ਦਾ ਨਾਮ.................................................

ਪਤਾ.........................................................................................................................

ਟੈਲੀਫੋਨ/ਮੋਬਾਇਲ ਨੰਬਰ.......................................................................................

---

ਮੈਂ ਪ੍ਰਣ ਕਰਦਾ/ਕਰਦੀ ਹਾਂ ਕਿ ਜਦ ਵੀ ਮੇਰੀ ਉਮਰ 18 ਸਾਲ ਦੀ ਹੋਵੇਗੀ, ਆਪਣੀ ਵੋਟ ਬਣਾਂਵਾਗਾ/ਬਣਾਵਾਗੀ। ਨਾਲ ਹੀ ਮੈਂ ਇਹ ਵੀ ਪ੍ਰਣ ਕਰਦਾ/ਕਰਦੀ ਹਾ ਕਿ ਮੈਂ ਆਪਣੀ ਮਾਤਾ/ਪਿਤਾ ਜੀ ਨੂੰ ਆਉਣ ਵਾਲੀਆ ਅਗਾਮੀ ਲੋਕ ਸਭਾ ਚੋਣਾਂ-2019 ਨੂੰ ਬਿਨ੍ਹਾਂ ਕਿਸੇ ਧਰਮ, ਬਿਨਾਂ ਕਿਸੇ ਜਾਤ ਜਾਂ ਲਾਲਚ ਦੇ ਮਤਦਾਨ ਲਈ ਪ੍ਰੇਰਿਤ ਕਰਾਗਾਂ/ਕਰਾਂਗੀ

ਤੁਹਾਡਾ ਪਿਆਰਾ/ਪਿਆਰੀ

..............................

(ਵਿਦਿਆਰਥੀ ਦਾ ਨਾਮ)

---

ਮੈਂ ਇਹ ਪ੍ਰਣ ਕਰਦਾ/ਕਰਦੀ ਹਾਂ ਕਿ ਮੈਂ ਆਉਣ ਵਾਲੀਆ ਅਗਾਮੀ ਲੋਕ ਸਭਾ ਚੋਣਾਂ-2019 ਨੂੰ ਆਪਣੀ ਵੋਟ ਦਾ ਇਸਤੇਮਾਲ ਬਿਨ੍ਹਾਂ ਕਿਸੇ ਧਰਮ, ਬਿਨ੍ਹਾਂ ਕਿਸੇ ਜਾਤ ਜਾਂ ਲਾਲਚ ਦੇ ਕਰਾਂਗਾ/ਕਰਾਂਗੀ ਅਤੇ ਆਪਣੇ ਮਿੱਤਰਾਂ/ਸਹੇਲੀਆਂ ਤੇ ਰਿਸਤੇਦਾਰਾਂ ਨੂੰ ਵੀ ਅਗਾਮੀ ਲੋਕ ਸਭਾ ਚੋਣਾਂ-2019 ਨੂੰ ਆਪਣੀ ਵੋਟ ਦਾ ਇਸਤੇਮਾਲ ਬਿਨ੍ਹਾਂ ਕਿਸੇ ਜਾਂ ਜਾਤ ਦੇ ਕਰਨ ਲਈ ਪ੍ਰੇਰਿਤ ਕਰਾਂਗਾ/ਕਰਾਂਗੀ।

ਮਿਤੀ

ਤੁਹਾਡਾ ਮਾਤਾ/ਪਿਤਾ

............................

(ਮਾਤਾ/ਪਿਤਾ ਦੇ ਹਸ਼ਤਾਖਰ)

Scanned by CamScanner